ਅ.ਉ.ਸ.6/12000

# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ,

ਸਮੂਹ ਕੇਂਦਰ ਸੁਪਰਡੰਟ /ਨਿਗਰਾਨ
ਅਮਲਾ ਅਤੇ ਉਡਣ ਦਸਤੇ ਦੇ ਮੈਂਬਰ
ਸਹਿਬਾਨ।

ਨੰਬਰ:..................................ਅ.ਉ.ਸ. ਮਿਤੀ:.........

ਵਿਸ਼ਾ:-U.M.C. ਸਬੰਧੀ ਹਦਾਇਤਾਂ।

ਬੇਨਤੀ ਹੈ ਕਿ ਪਰੀਖਿਆ ਦੌਰਾਨ ਪਕੜੇ ਜਾਂਦੇ ਯੂ.ਐਮ.ਸੀ ਕੇਸਾਂ ਸਬੰਧੀ ਹੇਠ ਲਿਖੀਆਂ ਹਦਾਇਤਾਂ ਤੇ ਅਮਲ ਯਕੀਨੀ ਬਣਾਉਣ ਦੀ ਖੇਚਲ ਕੀਤੀ ਜਾਵੇ:-

(ੳ) ਕੇਂਦਰ ਸੁਪਰਡੰਟ ਤੇ ਨਿਗਰਾਨ ਅਮਲੇ ਲਈ :-

1 ਕੇਂਦਰ ਸੁਪਰਡੰਟ ਵੱਲੋਂ ਅਣ-ਉਚਿਤ ਸਾਧਨਾਂ ਦੇ ਪਕੜੇ ਗਏ ਸਾਰੇ ਕੇਸ ਹਰ ਰੋਜ਼ ਦੀ ਪਰੀਖਿਆ ਵਾਲੇ ਦਿਨ ਹੀ ਪਰੀਖਿਆ ਖਤਮ ਹੋਣ ਤੋਂ ਫੌਰਨ ਬਾਅਦ ਬੋਰਡ ਵੱਲੋਂ ਭੇਜੇ ਗਏ ਹਰੇ ਲਿਫਾਫੇ ਵਿੱਚ ਸੀਲ ਕਰਨ ਉਪਰੰਤ ਕੁਲੈਕਸ਼ਨ ਸੈਂਟਰ / ਬੋਰਡ ਦੇ ਡੀਪੂ ਵਿਖੇ ਹਸਤਾਖਰ ਪ੍ਰਾਪਤ ਕਰਕੇ ਜਮ੍ਹਾਂ ਕਰਵਾਏ ਜਾਣ ।

2 ਕੇਂਦਰ ਸੁਪਰਡੰਟ ਦੀ ਇਹ ਜਿੰਮੇਵਾਰੀ ਹੈ ਕਿ ਉਹ ਯੂ.ਐਮ.ਸੀ. ਕੇਸ ਬਨਾਉਣ ਵਾਲੇ ਅਧਿਕਾਰੀ ਤੋਂ ਨਿਰਧਾਰਤ ਰਿਪੋਰਟ ਫਾਰਮ ਅ.ਉ.ਸ.-2 ਦੇ ਮੁੱਖ ਪੰਨੇ ਦੇ ਸਾਰੇ ਕਾਲਮ ਪੂਰੀ ਤਰ੍ਹਾਂ ਭਰਵਾਉਣ ਉਪਰੰਤ ਬਕਾਇਦਾ ਹਸਤਾਖਰ ਕਰਵਾ ਕੇ ਆਪਣੀ ਰਿਪੋਰਟ ਸਹਿਤ ਕੇਸ ਭੇਜਣ ।

3 ਰਿਪੋਰਟ ਫਾਰਮ ਦਾ ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ। ਰਿਪੋਰਟ ਫਾਰਮ ਅਧੂਰਾ ਹੋਣ ਨਾਲ ਕੇਸਾਂ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਲਈ ਕੇਂਦਰ ਸੁਪਰਡੰਟ/ਕੇਸ ਪਕੜਣ ਵਾਲੇ ਅਧਿਕਾਰੀ ਦੀ ਜ਼ਿੰਮੇਵਾਰੀ ਹੋਵੇਗੀ ।

4 ਕੇਸ ਪਕੜਣ ਵੇਲੇ ਪਰੀਖਿਆਰਥੀ ਨੂੰ ਜਾਰੀ ਕੀਤੀ ਪਹਿਲੀ ਉੱਤਰ-ਪੱਤਰੀ ਅਤੇ ਬਾਅਦ ਵਿੱਚ ਦਿੱਤੀ ਦੂਜੀ ਉੱਤਰ-ਪੱਤਰੀ ਭਾਵ ਦੋਵੇਂ ਇਕੱਠੀਆਂ ਰਿਪੋਰਟ ਫਾਰਮ ਨਾਲ ਭੇਜੀਆਂ ਜਾਣ। ਪਰੀਖਿਆਰਥੀ ਦਾ ਪੱਤਰ ਵਿਹਾਰ ਲਈ ਪੂਰਾ ਪਤਾ ਅਤੇ ਮੋਬਾਇਲ ਨੰਬਰ/ਫੋਨ ਨੰਬਰ ਵੀ ਰਿਪੋਰਟ ਫਾਰਮ ਵਿੱਚ ਦਰਜ਼ ਕੀਤਾ ਜਾਵੇ।

5 ਯੂ.ਐਮ.ਸੀ. ਕੇਸ ਪਕੜਣ ਵਾਲੇ ਅਧਿਕਾਰੀ ਤੋਂ ਪਰੀਖਿਆਰਥੀ ਦੀ ਉੱਤਰ-ਪੱਤਰੀ ਦੇ ਮੁੱਖ ਪੰਨੇ ਤੇ ਹਰ ਹਾਲਤ ਵਿੱਚ ਰਿਪੋਰਟ ਅੰਕਿਤ ਕਰਵਾਈ ਜਾਵੇ ਜਿਸ ਵਿੱਚ ਪਕੜੀ ਗਈ ਇਤਰਾਜ਼ਯੋਗ ਸਮੱਗਰੀ ਦਾ ਵੇਰਵਾ ਦਰਜ ਹੋਵੇ ਤੇ ਸਪਸ਼ਟ ਦੱਸਿਆ ਜਾਵੇ ਕਿ ਪਕੜੀ ਗਈ ਸਮੱਗਰੀ ਉਸ ਦਿਨ ਦੀ ਪਰੀਖਿਆ ਦੇ ਵਿਸ਼ੇ ਨਾਲ ਸਬੰਧਤ ਸੀ ਜਾਂ ਨਹੀਂ ? ਪਕੜੀ ਗਈ ਇਤਰਾਜ਼ਯੋਗ ਸਮੱਗਰੀ ਤੇ ਵੀ ਸਬੰਧਤ ਅਧਿਕਾਰੀ ਦੇ ਹਸਤਾਖਰ ਕਰਵਾਏ ਜਾਣ। ਜੇਕਰ ਪਕੜੀ ਗਈ ਸਮੱਗਰੀ ਵਿਸ਼ੇ ਨਾਲ ਸਬੰਧਤ ਨਹੀਂ ਤਾਂ ਨਕਲ ਕੇਸ ਨਾ ਬਣਾਇਆ ਜਾਵੇ ।

6 ਰਿਪੋਰਟ ਫਾਰਮ ਵਿੱਚ ਪਰੀਖਿਆਰਥੀ ਤੋਂ ਪਕੜੀ ਗਈ ਇਤਰਾਜ਼ਯੋਗ ਸਮੱਗਰੀ ਦੀ ਠੀਕ ਥਾਂ ਅਤੇ ਪੱਤਰਿਆਂ ਦੀ ਗਿਣਤੀ ਆਦਿਕ ਬਾਰੇ ਕੇਸ ਪਕੜਣ ਵਾਲੇ ਨਿਗਰਾਨ ਸਟਾਫ / ਕੇਂਦਰ ਸੁਪਰਡੰਟ ਜਾਂ ਫਲਾਇੰਗ ਸਕੂਐਡ ਵੱਲੋਂ ਪੂਰੀ ਤਰਾਂ ਜਿਕਰ ਕੀਤਾ ਜਾਵੇ।

7 ਜਿਸ ਕੇਸ ਵਿੱਚ ਇਤਰਾਜ਼ਯੋਗ ਸਮੱਗਰੀ ਪਕੜੇ ਜਾਣ ਦੀ ਥਾਂ ਪਰੀਖਿਆਰਥੀ ਦੀ ਸੀਟ ਦੇ ਨੇੜੇ ਤੋਂ ਦੱਸੀ ਗਈ ਹੋਵੇ, ਉੱਥੇ ਉਸ ਦੀ ਸੀਟ ਦੀ ਦੂਰੀ, ਦਿਸ਼ਾ ਭਾਵ ਅੱਗੇ ਪਿੱਛੇ ਅਤੇ ਸਹੀ ਸਥਾਨ ਜਿਵੇਂ ਖਿੜਕੀ /ਦਰਵਾਜਾ /ਅਲਮਾਰੀ ਆਦਿ ਬਾਰੇ ਸਪਸ਼ਟ ਜਿਕਰ ਕੀਤਾ ਜਾਵੇ।

8 ਜਿੱਥੇ ਪਰੀਖਿਆਰਥੀ ਨੇ ਆਪਣੇ ਹੱਥ ,ਸਰੀਰ ਦੇ ਕਿਸੇ ਹਿੱਸੇ, ਆਪਣਿਆਂ ਕਪੜਿਆਂ ਤੇ, ਜੁਮੈਟਰੀ ਬਾਕਸ ਜਾਂ ਕਾਰਡ ਬੋਰਡ ਆਦਿ ਤੇ ਉਸ ਦਿਨ ਦੀ ਪਰੀਖਿਆ ਦੇ ਵਿਸ਼ੇ ਨਾਲ ਸਬੰਧਤ ਕੁਝ ਵੀ ਲਿਖਿਆ ਹੋਵੇ, ਉਸ ਬਾਰੇ ਰਿਪੋਰਟ ਵੱਖਰੇ ਕਾਗਜ਼ ਤੇ ਨਿਗਰਾਨ ਅਮਲੇ ਦੇ ਮੈਂਬਰਾਂ ਤੋਂ ਤਸਦੀਕ ਕਰਵਾ ਕੇ ਭੇਜੀ ਜਾਵੇ।

9 ਯੂ.ਐਮ.ਸੀ ਕੇਸ ਬਨਣ ਤੇ ਸਬੰਧਤ ਪ੍ਰੀਖਿਆਰਥੀ ਦਾ ਬਿਆਨ ਵੀ ਰਿਪੋਰਟ ਫਾਰਮ ਅ.ਉ.ਸ.-2 ਤੇ ਜਰੂਰ ਲਿਆ ਜਾਵੇ ਅਤੇ ਜਿੱਥੇ ਉਹ ਬਿਆਨ ਦੇਣ / ਹਸਤਾਖਰ ਕਰਨ ਤੋਂ ਇਨਕਾਰ ਕਰਦਾ ਹੈ,ਉੱਥੇ ਕੇਂਦਰ ਸੁਪਰਡੰਟ /ਉਪ-ਸੁਪਰਡੰਟ/ਨਿਗਰਾਨ ਜਾਂ ਕੇਸ ਪਕੜਣ ਵਾਲਾ ਅਧਿਕਾਰੀ (ਜੋ ਵੀ ਹੋਵੇ) ਪਰੀਖਿਆਰਥੀ ਦੀ ਇੰਨਕਾਰੀ ਬਾਰੇ ਆਪਣਾ ਕਥਨ ਰਿਕਾਰਡ ਕਰਨ ।

10 ਇੰਪਰਸੋਨੇਸ਼ਨ ਦੇ ਕੇਸ ਵਿੱਚ ਇੰਪਰਸੋਨੇਟਰ ਦੀ ਫੋਟੋ, ਉਸ ਦੇ ਪੂਰੇ ਪਤੇ ਸਮੇਤ ਕੇਸ ਭਿਜਵਾਇਆ ਜਾਵੇ ਅਤੇ ਉਸ ਦਾ ਬਿਆਨ ਜਰੂਰ ਰਿਕਾਰਡ ਕੀਤਾ ਜਾਵੇ। ਜਿਸ ਦੀ ਪੁਸ਼ਟੀ ਕੇਂਦਰ ਸੁਪਰਡੰਟ ਅਤੇ ਨਿਗਰਾਨ ਵੱਲੋਂ ਕਰਕੇ ਕੇਸ ਨਾਲ ਭੇਜੀ ਜਾਵੇ।

ਇੰਪਰਸੋਨੇਸ਼ਨ ਦੇ ਕੇਸ ਵਿੱਚ ਨੇੜੇ ਦੇ ਪੁਲਿਸ ਸਟੇਸ਼ਨ ਵਿਖੇ ਰਿਪੋਰਟ ਵੀ ਦਰਜ਼ ਕਰਵਾਈ ਜਾਵੇ ਅਤੇ ਐਫ.ਆਈ. ਆਰ. ਦੀ ਕਾਪੀ ਮੁੱਖ ਦਫਤਰ ਭੇਜੀ ਜਾਵੇ।

11 ਲੜਕੀ ਪਰੀਖਿਆਰਥੀ ਹੋਣ ਦੀ ਸੂਰਤ ਵਿੱਚ ਇਤਰਾਜ਼ਯੋਗ ਸਮੱਗਰੀ ਆਦਿ ਦੀ ਤਲਾਸ਼ੀ ਲੈਣ ਦਾ ਕੰਮ ਇਸਤਰੀ ਕਰਮਚਾਰੀ ਤੋਂ ਹੀ ਕਰਵਾਇਆ ਜਾਵੇ। ਕੇਸ ਬਨਣ ਦੀ ਸੂਰਤ ਵਿੱਚ ਉਸ ਵੱਲੋਂ ਹੀ ਰਿਪੋਰਟ ਫਾਰਮ ਤੇ ਹਸਤਾਖਰ ਪੂਰੇ ਪਤੇ ਮੋਬਾਇਲ ਨੰਬਰ ਸਹਿਤ ਕੀਤੇ ਜਾਣਗੇ ਅਤੇ ਫਲਾਇੰਗ ਸਕੂਐਡ ਵੱਲੋਂ ਪੁਸ਼ਟੀ ਤੇ ਪ੍ਰਤੀ ਹਸਤਾਖਰ ਕੀਤੇ ਜਾਣਗੇ।

12 ਕੇਸ ਪਕੜਣ ਵਾਲੇ ਅਧਿਕਾਰੀ /ਸਬੰਧਤ ਕੇਂਦਰ ਸੁਪਰਡੰਟ ਅਤੇ ਨਿਗਰਾਨ ਦਾ ਸਕੂਲ /ਦਫਤਰ /ਘਰ ਆਦਿ ਦੇ ਪਤੇ ਤੇ ਮੋਬਾਇਲ ਨੰਬਰ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਲੋੜ ਪੈਣ ਤੇ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕੇ।

13 ਨਕਲ ਕੇਸਾਂ ਸਬੰਧੀ ਹਰੇ ਰੰਗ ਦੇ ਅਣ-ਵਰਤੇ ਲਿਫਾਫੇ ਆਖਰੀ ਪੈਕਟ ਰਾਹੀਂ ਦਫਤਰ ਨੂੰ ਵਾਪਿਸ ਭੇਜੇ ਜਾਣ ।

14 ਬਾਰ੍ਹਵੀ ਜਮਾਤ ਦੇ ਸਾਇੰਸ, ਕਮਰਸ ਅਤੇ ਹਿਊਮੈਨਟੀਜ਼ ਗਰੁੱਪ ਅਤੇ ਹੋਰ ਸ਼੍ਰੇਣੀਆਂ ਦੇ ਯੂ.ਐਮ.ਸੀ. ਕੇਸ ਵੱਖ-ਵੱਖ ਲਿਫਾਫਿਆਂ ਵਿੱਚ ਭੇਜੇ ਜਾਣ ।

**(ਅ) ਫਲਾਇੰਗ ਸਕੂਐਡਜ ਲਈ :-**

1 ਪਰੀਖਿਆ ਕੇਂਦਰ ਵਿਖੇ ਅਣ-ਉਚਿਤ ਸਾਧਨਾ ਦੇ ਪਕੜੇ ਗਏ ਕੇਸਾਂ ਸਬੰਧੀ ਕੇਂਦਰ ਸੁਪਰਡੰਟ ਨੂੰ ਬੋਰਡ ਵੱਲੋਂ ਜਾਰੀ ਕੀਤਾ ਕੇਸ ਭੇਜਣ ਵਾਲਾ ਨਿਰਧਾਰਤ ਪ੍ਰਫ਼ਾਰਮਾ ਨੰ:2 ਅ.ਉ.ਸ. ਦੇ ਮੁੱਖ ਪੰਨੇ ਦੇ ਸਾਰੇ ਕਾਲਮ ਫਲਾਇੰਗ ਸਕੂਐਡ ਵੱਲੋਂ ਗਹੁ ਨਾਲ ਮੁਕੰਮਲ ਕਰਕੇ ਕੇਂਦਰ ਸੁਪਰਡੰਟ ਨੂੰ ਸੌਂਪ ਦਿੱਤੇ ਜਾਣ।

2 ਪਕੜੀ ਗਈ ਇਤਰਾਜ਼ਯੋਗ ਸਮੱਗਰੀ ਸਬੰਧੀ ਪਰੀਖਿਆਰਥੀ ਦੀ ਉੱਤਰ -ਪੱਤਰੀ ਦੇ ਮੁੱਖ ਪੰਨੇ ਤੇ ਹਰ ਹਾਲਤ ਵਿੱਚ ਸਪਸ਼ਟ ਰਿਪੋਰਟ ਕਰਦਿਆਂ ਇਤਰਾਜ਼ਯੋਗ ਸਮੱਗਰੀ ਦਾ ਪੂਰਾ ਵੇਰਵਾ ਦਿੱਤਾ ਜਾਵੇ। ਇਹ ਵੀ ਅੰਕਿਤ ਕੀਤਾ ਜਾਵੇ ਕਿ ਇਹ ਸਮੱਗਰੀ ਉਸ ਦਿਨ ਦੀ ਪਰੀਖਿਆ ਦੇ ਵਿਸ਼ੇ ਨਾਲ ਸਬੰਧਤ ਹੈ ਜਾਂ ਨਹੀਂ ? ਇਸ ਰਿਪੋਰਟ ਤੇ ਆਪਣੇ ਪੂਰੇ ਹਸਤਾਖਰ ਪਤੇ ਸਹਿਤ ਕੀਤੇ ਜਾਣ । ਪਕੜੀ ਗਈ ਇਤਰਾਜ਼ਯੋਗ ਸਮੱਗਰੀ ਤੇ ਵੀ ਪੂਰੇ ਹਸਤਾਖਰ ਕੀਤੇ ਜਾਣ ।

3 ਯੂ.ਐਮ.ਸੀ. ਕਮੇਟੀ ਵੱਲੋਂ ਇਨਾਂ ਕੇਸਾਂ ਦੇ ਸ਼ੀਘਰ ਨਿਪਟਾਰੇ ਲਈ ਰਿਪੋਰਟ ਫਾਰਮ ਵਿੱਚ ਪਕੜੀ ਗਈ ਸਮੱਗਰੀ ਦੀ ਠੀਕ ਥਾਂ ਜਰੂਰ ਦਰਸਾਈ ਜਾਵੇ।

4 ਲਾਜ਼ਮੀ ਹੋਵੇਗਾ ਜੇਕਰ ਫਲਾਇੰਗ ਸਕੂਐਡਜ ਵੱਲੋਂ ਪਕੜੇ ਗਏ ਕੇਸ ਸਬੰਧੀ ਇਤਰਾਜ਼ਯੋਗ ਸਮੱਗਰੀ ਦੀ ਕੇਂਦਰ ਸੁਪਰਡੰਟ ਨੂੰ ਕੀਤੀ ਸੌਂਪਣੀ ਸਬੰਧੀ ਰਸੀਦ ਪ੍ਰਾਪਤ ਕਰ ਲਈ ਜਾਵੇ ਤਾਂ ਜੋ ਭਿੰਨਤਾ ਹੋਣ ਦੀ ਸੂਰਤ ਵਿੱਚ ਕੇਸ ਦੇ ਨਿਪਟਾਰੇ ਸਮੇਂ ਇਹ ਸਬੂਤ ਸਹਾਈ ਹੋ ਸਕੇ।

ਕੰਟਰੋਲਰ ਪ੍ਰੀਖਿਆਵਾਂ,
ਪੰਜਾਬ ਸਕੂਲ ਸਿੱਖਿਆ ਬੋਰਡ
ਐਸ.ਏ.ਐਸ ਨਗਰ।

ਨੰ: ਪਸਸਬ/ਅ.ਓ.ਸ./10/12000

# ਪੰਜਾਬ ਸਕੂਲ ਸਿੱਖਿਆ ਬੋਰਡ

ਨੋਟ :-ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ।

**ਨਕਲ ਕੇਸ ਸਬੰਧੀ ਉਡਣ ਦਸਤੇ ਵੱਲੋਂ ਭੇਜਿਆ ਜਾਣ ਵਾਲਾ ਸੰਖੇਪ ਰਿਪੋਰਟ ਫਾਰਮ।**

1 ਪ੍ਰੀਖਿਆ ਕੇਂਦਰ ਦਾ ਨਾਮ..........................................................................

2 ਮਿਤੀ ..............................ਸਮਾਂ........... 3 ਸੈਸ਼ਨ/ਸਾਲ...................................

4 ਪਰੀਖਿਆਰਥੀ ਦਾ ਨਾਮ .......................... 5 ਰੋਲਨੰਬਰ...................................

6 ਜਮਾਤ ਦਸਵੀਂ/ਬ੍ਹਾਰਵੀ......................... 7 ਵਿਸ਼ਾ........................................

8 ਪਰੀਖਿਆਰਥੀ ਤੋਂ ਪਕੜੇ ਜਾਣ ਵਾਲੀ ਇਤਰਾਜ ਯੋਗ ਸਮੱਗਰੀ ਦਾ ਵੇਰਵਾ /ਪਕੜੇ ਜਾਣ ਦੀ ਥਾਂ..........................................................................

9 ਕੀ ਪਕੜੀ ਗਈ ਇਤਰਾਜ ਯੋਗ ਸਮੱਗਰੀ ਉਸ ਦਿਨ ਦੀ ਪ੍ਰੀਖਿਆ ਦੇ ਵਿਸ਼ੇ ਨਾਲ ਸਬੰਧਤ ਹੈ ? ਸਬੰਧਤ ਨਹੀਂ ਹੈ........................................................................................................

ਕੇਂਦਰ ਸੁਪਰਡੰਟ ਦੇ ਹਸਤਾਖਰ

ਕੇਂਦਰ ਸੁਪਰਡੰਟ ਦਾ ਨਾਮ..........................

ਕੇਂਦਰ ਸੁਪਰਡੰਟ ਦੇ ਸਕੂਲ ਦਾ ਪਤਾ...............

.......................................................

ਮੋਬਾਇਲ ਨੰਬਰ : ..............................

ਮਿਤੀ:.............................

ਇੰਚਾਰਜ ਉਡਣ ਦਸਤਾ ਦੇ ਹਸਤਾਖਰ

ਇੰਚਾਰਜ ਉਡਣ ਦਸਤਾ ਦਾ ਨਾਮ....................

ਦਫਤਰ/ਸਕੂਲ ਦਾ ਪਤਾ................................

..........................................................

ਮੋਬਾਇਲ ਨੰਬਰ:.......................................

ਇਹ ਸੂਚਨਾ ਬੋਰਡ ਦੀ ਈ-ਮੇਲ Punjabschool @gmail.com./ਰਜਿਸਟਰਡ ਪੱਤਰ ਰਾਹੀਂ ਤੁਰੰਤ ਭੇਜੀ ਜਾਵੇ।

ਅ.ਓ.ਸ.2/20,000

# ਪੰਜਾਬ ਸਕੂਲ ਸਿੱਖਿਆ ਬੋਰਡ

ਪ੍ਰੀਖਿਆ ਵਿੱਚ ਅਣ-ਉਚਿੱਤ ਸਾਧਨਾਂ ਦੀ ਵਰਤੋਂ ਸਬੰਧੀ ਰਿਪੋਰਟ ਫਾਰਮ

ਜਰੂਰੀ ਨੋਟ:- ਇਸ ਫਾਰਮ ਦੇ ਸਾਰੇ ਕਾਲਮ ਭਰੇ ਜਾਣ। ਕੋਈ ਕਾਲਮ ਖਾਲੀ ਨਾ ਛੱਡਿਆ ਜਾਵੇ, ਕਾਲਮ ਖਾਲੀ ਛੱਡਣ ਨਾਲ ਜੇਕਰ ਕੇਸ ਅਧੂਰਾ ਰਹਿ ਜਾਂਦਾ ਹੈ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਸੁਪਰਡੰਟ ਦੀ ਹੋਵੇਗੀ।

## ਕੇਸ ਸਬੰਧੀ ਰਿਪੋਰਟ

1. ਪ੍ਰੀਖਿਆਰਥੀ ਦਾ ਨਾਂ..........................................2. ਰੋਲ ਨੰਬਰ....................................
3. ਪਿਤਾ ਦਾ ਨਾ..........................................................................................................
4. ਪ੍ਰੀਖਿਆਰਥੀ ਦਾ ਪੱਕਾ ਪੱਤਾ.......................................................................................
5. ਪ੍ਰੀਖਿਆ ਕੇਂਦਰ......................................................................................................
6. ਪ੍ਰੀਖਿਆ ਦਾ ਨਾਂ ਮੈਟ੍ਰਿਕ/ਬਾਰਵੀਂ ਜਮਾਤ (ਸਾਲ/ਸੈਸ਼ਨ ਸਪਸ਼ਟ ਤੌਰ ਤੇ ਲਿਖੋ)..................................
7. ਉਸ ਦਿਨ ਦੀ ਪ੍ਰੀਖਿਆ ਦਾ ਵਿਸ਼ਾ..............................8. ਪੇਪਰ..........................................
9. ਕੇਸ ਪਕੜੇ ਜਾਣ ਦੀ ਮਿਤੀ.....................................    ਕੇਸ ਪਕੜਨ ਦਾ ਸਮਾਂ.......................
10. ਕੇਸ ਬੋਰਡ ਨੂੰ ਭੇਜਣ ਦੀ ਮਿਤੀ.......................................................................................
11. ਕੇਸ ਪਕੜਨ ਸਮੇਂ ਮੌਕੇ ਤੇ ਮੌਜੂਦ ਉਪ-ਸੁਪਰਡੰਟ/ਨਿਗਰਾਨ ਦੇ ਵੇਰਵੇ (ਸਮੇਤ ਮੋਬਾਇਲ ਨੰਬਰ)..........................................................................................................
12. ਹੱਥ ਲਿਖਤ ਪੰਨਿਆਂ ਦੀ ਗਿਣਤੀ......................................................................................
13. ਛਪੇ ਪੰਨਿਆਂ ਦੀ ਗਿਣਤੀ...............................................................................................
14. ਪੂਰੀ/ਫਟੀ ਕਿਤਾਬ (ਜੇ ਪੱਤਰਿਆਂ ਦੀ ਗਿਣਤੀ ਦਸ ਜਾਂ ਇਸ ਤੋਂ ਵੱਧ ਹੋਵੇ).....................................
15. ਇਤਰਾਜ਼ਯੋਗ ਸਮੱਗਰੀ ਪਕੜੇ ਜਾਣ ਦੀ ਠੀਕ ਥਾਂ ਸਪਸ਼ਟ ਲਿਖੋ(ਜਿਵੇਂ ਹੱਥ,ਨੇਫਾ,ਅੰਡਰਵੀਅਰ,ਡੈਸਕ(ਹੇਠੋਂ ,ਉਪਰੋਂ/ਦਰਾਜ਼) ਪਗੜੀ ਵਿੱਚੋਂ, ਜੁੱਤੀ (ਹੇਠੋਂ/ਵਿਚੋਂ) ਉੱਤਰ-ਕਾਪੀ ਵਿੱਚੋਂ,ਪ੍ਰਸ਼ਨ-ਪੱਤਰ ਵਿੱਚੋਂ ਜਾਂ ਸੀਟ ਦੇ ਨੇੜਿਓਂ (ਫਾਸਲਾ ਦੱਸਿਆ ਜਾਵੇ)..........................................................................................
    .......................................................................................................................
16. ਕੀ ਇਤਰਾਜਯੋਗ ਸਮੱਗਰੀ ਉਸ ਦਿਨ ਦੀ ਪ੍ਰੀਖਿਆ ਦੇ ਵਿਸ਼ੇ ਨਾਲ ਸਬੰਧਤ ਹੈ?..................................
17. ਇੰਪਰਸੋਨੇਸ਼ਨ ਦੇ ਕੇਸ ਸਬੰਧੀ ਸੂਚਨਾ .................... ਇੰਪਰਸੋਨੇਟਰ ਦਾ ਨਾਂ.......................................
    ਪਿਤਾ ਦਾ ਨਾਂ........................ਪੂਰਾ ਪਤਾ..............................................................
    ਸਕੂਲ/ਕਾਲਜ ਅਤੇ ਸ਼੍ਰੇਣੀ ਦਾ ਨਾਂ ਜੇਕਰ ਪੜ੍ਹਦਾ ਹੈ......................................ਵਿਭਾਗ/ਦਫਤਰ ਦਾ ਨਾਂ ਜੇਕਰ ਨੌਕਰੀ ਕਰਦਾ ਹੈ............................................................ਇੰਪਰਸੋਨੇਟਰ ਵਿਰੁੱਧ ਨੇੜੇ ਦੇ ਪੁਲਿਸ ਸਟੇਸ਼ਨ ਵਿਖੇ ਰਿਪੋਰਟ ਦਰਜ਼ ਕਰਾਈ ਜਾਵੇ ਅਤੇ ਐਫ.ਆਈ.ਆਰ .ਦੀ ਕਾਪੀ ਨਕਲ ਕੇਸ ਨਾਲ ਭੇਜੀ ਜਾਵੇ।

ਨੋਟ:- ਉੱਡਣ ਦਸਤੇ ਤੋਂ ਰਿਪੋਰਟ ਪ੍ਰਾਪਤ ਕਰਨੀ ਕੇਂਦਰ ਸੁਪਰਡੰਟ ਦਾ ਪਰਮ ਕਰਤੱਵ ਹੋਵੇਗਾ।

| | |
|---|---|
| ਯੂ.ਐਮ.ਸੀ ਕੇਸ ਪਕੜਨ ਵਾਲੇ ਵਿਅਕਤੀ | ਕੇਸ ਪਕੜਨ ਵਾਲੇ ਦੇ ਹਸਤਾਖਰ................................ |
| ਦੇ ਵੇਰਵੇ.................................. | ਨਾਮ............................................................ |
| ਨਾਮ...................................... | ਅਹੁਦਾ(ਪ੍ਰੀਖਿਆ ਦੌਰਾਨ)........................................ |
| ਪਤਾ:ਦਫਤਰ/ਸਕੂਲ ਦਾ ਪਤਾ............ | ਦਫਤਰ /ਸਕੂਲ ਦਾ ਪਤਾ........................................ |
| ............................................. | ............................................................... |
| ਘਰ ਦਾ ਪਤਾ.............................. | ਘਰ ਦਾ ਪਤਾ.................................................. |
| ............................................. | ............................................................... |
| ਟੈਲੀਫੋਨ/ਮੋਬਾਇਲ ਨੰਬਰ................ | ਟੈਲੀਫੋਨ/ਮੋਬਾਇਲ ਨੰਬਰ..................................... |

## ਕੇਸ ਪਕੜਨ ਸਮੇਂ ਮੌਜੂਦ ਉੱਪ -ਸੁਪਰਡੰਟ/ਨਿਗਰਾਨ ਦੀ ਗਵਾਹੀ ਵਜੋਂ ਬਿਆਨ

ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਕੇਸ ਪਕੜਨ ਸਬੰਧੀ ਰਿਪੋਰਟ ਤੱਥਾਂ ਦੇ ਅਨੁਕੂਲ ਹੈ। ਮੈਂ ਇਸ ਦੀ ਪ੍ਰੋੜਤਾ ਕਰਦਾ/ਕਰਦੀ ਹਾਂ।

ਹਸਤਾਖਰ............................................

ਨਾਂ..................................................

ਅਹੁਦਾ(ਪ੍ਰੀਖਿਆ ਦੌਰਾਨ)..............................

ਸਕੂਲ/ਦਫਤਰ ਦਾ ਪਤਾ....................... .......

..........................................................

**ਪ੍ਰੀਖਿਆ ਕੇਂਦਰ ਵਿਖੇ ਪ੍ਰੀਖਿਆਰਥੀ ਦਾ ਬਿਆਨ**

ਪ੍ਰੀਖਿਆਰਥੀ ਦੇ ਹਸਤਾਖਰ.............................

ਨਾਂ..................................................

ਰੋਲ ਨੰਬਰ............................................

ਪੱਤਰ ਵਿਹਾਰ ਲਈ ਪਤਾ...............................

.......................................................

ਫੋਨ ਨੰ:/ਮੋਬਾਇਲ ਨੰਬਰ...............................

ਜੇਕਰ ਪ੍ਰੀਖਿਆਰਥੀ ਨੇ ਬਿਆਨ ਦੇਣ ਤੋਂ ਇਨਕਾਰ ਕੀਤਾ ਹੋਵੇ ਤਾਂ ਕੇਂਦਰ ਸੁਪਰਡੰਟ ਦੀ ਇਸ ਬਾਰੇ ਟਿੱਪਣੀ..........................................................................................................

**ਕੇਸ ਨਾਲ ਭੇਜੇ ਜਾਣ ਵਾਲੇ ਦਸਤਾਵੇਜ਼ ਅਤੇ ਸੂਚਨਾ:**

1. ਪ੍ਰੀਖਿਆਰਥੀ ਤੋਂ ਪਕੜੀ ਇਤਰਾਜ਼ਯੋਗ ਸਮੱਗਰੀ(ਸਮੱਗਰੀ ਉੱਤੇ ਪਕੜਨ ਵਾਲੇ ਅਧਿਕਾਰੀ, ਨਿਗਰਾਨ ਅਮਲੇ ਦੇ ਹਸਤਾਖਰ ਅਤੇ ਰੋਲ ਨੰਬਰ ਲਿਖਣਾ ਜਰੂਰੀ ਹੈ) ।
2. ਉਸ ਦਿਨ ਦਾ ਪ੍ਰਸ਼ਨ -ਪੱਤਰ।
3. ਪ੍ਰੀਖਿਆ ਕੇਂਦਰ ਵਿੱਚ ਉਸ ਦੀ ਸੀਟਿੰਗ ਪਲਾਨ ਦੀ ਕਾਪੀ।
4. ਪ੍ਰੀਖਿਆਰਥੀ ਦੀਆਂ ਦੋਵੇਂ ਉੱਤਰ-ਪੱਤਰੀਆਂ ਕੇਸ ਰਿਪੋਰਟ ਫਾਰਮ ਦੇ ਨਾਲ ਹੀ ਭੇਜੀਆਂ ਜਾਣ।
5. ਪ੍ਰੀਖਿਆ ਕਮਰੇ ਵਿੱਚ ਨਿਗਰਾਨ ਸ਼੍ਰੀ /ਸ਼੍ਰੀਮਤੀ ................................ਤਾਇਨਾਤ ਸਨ।
6. ਉਸ (ਨਿਗਰਾਨ) ਦਾ ਨਾਂ/ਸਕੂਲ ਦਾ ਪਤਾ.......................................................................
   ਘਰ ਦਾ ਪਤਾ.................................................................ਮੋਬਾਇਲ ਨੰਬਰ...............
7. ਕੇਂਦਰ ਵਿੱਚ ਸ਼੍ਰੀ/ਸ਼੍ਰੀਮਤੀ......................................ਨੇ ਉੱਪ ਸੁਪਰਡੰਟ ਵਜੋਂ ਕੰਮ ਕੀਤਾ। ਉਸ (ਉਪ ਸੁਪਰਡੰਟ ) ਦਾ ਨਾਂ ਅਤੇ ਸਕੂਲ ਦਾ ਪਤਾ...............................................................
   ਘਰ ਦਾ ਪਤਾ.................................................................ਮੋਬਾਇਲ ਨੰਬਰ....... .......

ਮਿਤੀ:.................................../20

ਕੇਂਦਰ ਸੁਪਰਡੰਟ ਦੇ ਹਸਤਾਖਰ.........................

ਸੁਪਰਡੰਟ ਦਾ ਪੂਰਾ ਨਾਂ............................ ......

ਪ੍ਰੀਖਿਆ ਕੇਂਦਰ ਦੀ ਸਕੂਲ ਬਿਲਡਿੰਗ ਦਾ ਨਾਮ ਅਤੇ ਨੰਬਰ....................................................

ਘਰ ਦਾ ਪਤਾ.............................................

..........................................................

ਉਹਨਾਂ ਦੇ ਆਪਣੇ ਸਕੂਲ ਦਾ ਪਤਾ.....................

.......................................................

ਟੈਲੀਫੋਨ/ਮੋਬਾਇਲ ਨੰਬਰ....................... .......